# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ.ਏ.ਐੱਸ.ਨਗਰ

Phone: 0172-2212221


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ), ਪੰਜਾਬ।

ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪੰਜਾਬ।

ਮੀਮੋ ਨੰ: ਐਸ.ਸੀ.ਈ.ਆਰ.ਟੀ /2025/ਈ-1950968/223

ਮਿਤੀ: 10.09.2025

ਵਿਸ਼ਾ:- 'ਯੁੱਧ ਨਸ਼ਿਆਂ ਵਿਰੁੱਧ' ਬੇਸਲਾਈਨ ਸਰਵੇ ਅਤੇ ਪਾਠਕ੍ਰਮ ਸ਼ੁਰੂ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਜੁਲਾਈ ਮਹੀਨੇ ਦੌਰਾਨ ਸਮੂਹ ਡੀ.ਐਨ.ਓ./ਡੀ.ਆਰ.ਸੀ./ਬੀ.ਆਰ.ਸੀ./ਸਕੂਲ ਵਾਰਡਨ ਅਤੇ 9ਵੀਂ ਤੋਂ 12ਵੀਂ ਜਮਾਤ ਨੂੰ ਪੜ੍ਹਾਉਣ ਵਾਲੇ ਸਕੂਲ ਅਧਿਆਪਕਾਂ ਨੂੰ 'ਯੁੱਧ ਨਸ਼ਿਆਂ ਵਿਰੁੱਧ' ਪਾਠਕ੍ਰਮ ਸਬੰਧੀ ਟ੍ਰੇਨਿੰਗ ਦਿੱਤੀ ਗਈ ਸੀ। ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ 01.08.2025 ਨੂੰ ਇਸਦੀ ਰਸਮੀ ਸ਼ੁਰੂਆਤ ਕੀਤੀ ਗਈ ਸੀ।

2.0 ਇਸ ਪ੍ਰੋਗਰਾਮ ਸਬੰਧੀ ਮਿਤੀ 15.09.2025 ਨੂੰ ਪੰਜਾਬ ਰਾਜ ਦੇ ਸਮੂਹ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 9ਵੀਂ ਤੋਂ 12ਵੀਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਬੇਸਲਾਈਨ ਸਰਵੇਖਣ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਸੁਨਿਸ਼ਚਿਤ ਕਰ ਲਿਆ ਜਾਵੇ ਕਿ ਇਸ ਸਰਵੇਖਣ ਸਬੰਧੀ ਓ.ਐੱਮ.ਆਰ ਸ਼ੀਟਾਂ ਸਾਰੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪਹੁੰਚ ਗਈਆਂ ਹੋਣ। ਸਰਵੇਖਣ ਹੋਣ ਉਪਰੰਤ ਹੱਲ ਕੀਤੀਆਂ ਓ.ਐੱਮ.ਆਰ. ਸੀਟਾਂ ਜਿਲ੍ਹੇ ਦੇ ਕੁਲੇਕਸ਼ਨ ਸੈਂਟਰ ਵਿੱਚ ਮਿਤੀ 17.09.2025 ਤੱਕ ਇੱਕਠੀਆਂ ਕਰ ਲਈਆਂ ਜਾਣ।

3.0 ਇਸ ਸਰਵੇਖਣ ਦੇ ਤੁਰੰਤ ਬਾਅਦ ਇਨ੍ਹਾਂ ਵਿਦਿਆਰਥੀਆਂ ਦੀ ਵੀਡਿਓ ਆਧਰਿਤ ਪਾਠਕ੍ਰਮ ਦੀ ਪੜ੍ਹਾਈ ਸਬੰਧੀ ਕਲਾਸਾਂ ਸ਼ੁਰੂ ਕੀਤੀਆਂ ਜਾਣ। ਇਸ ਦੇ ਕੁੱਲ 14 ਸ਼ੈਸ਼ਨ ਹੋਣਗੇ। ਸਮਾਂ ਘੱਟ ਹੋਣ ਕਾਰਨ ਇਸ ਪਾਠਕ੍ਰਮ ਦੀਆਂ ਹਫਤਾਵਾਰੀ ਕਲਾਸਾਂ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਸਤੰਬਰ ਮਹੀਨੇ ਦੌਰਾਨ ਇਸ ਪਾਠਕ੍ਰਮ ਦੇ 02 ਸੈਸ਼ਨ, ਅਕਤੂਬਰ ਅਤੇ ਨਵੰਬਰ ਮਹੀਨੇ ਦੌਰਾਨ 04-04 ਸੈਸ਼ਨ, ਦਸੰਬਰ ਮਹੀਨੇ 03 ਅਤੇ ਜਨਵਰੀ ਮਹੀਨੇ ਦੌਰਾਨ 01 ਸੈਸ਼ਨ ਲਗਾਇਆ ਜਾਵੇ। ਇਸ ਲਈ ਸਕੂਲ ਸਮਾਂ ਸਾਰਣੀ ਵਿੱਚ 'ਸਵਾਗਤ ਜਿੰਦਗੀ' ਦੇ ਪੀਰੀਅਡ ਦੀ ਵਰਤੋਂ 'ਯੁੱਧ ਨਸ਼ਿਆਂ ਵਿਰੁੱਧ' ਪਾਠਕ੍ਰਮ ਲਈ ਕੀਤੀ ਜਾਵੇ। ਜੇਕਰ ਸਕੂਲ ਮੁਖੀ ਚਾਹੁਣ ਤਾਂ ਗਿਆਰਵੀਂ ਅਤੇ ਬਾਰਵ੍ਹੀਂ ਜਮਾਤਾਂ ਦੀ ਸਮਾਂ ਸਾਰਣੀ ਵਿੱਚ ਜਨਰਲ ਪੰਜਾਬੀ ਜਾਂ ਜਨਰਲ ਅੰਗਰੇਜੀ ਦੇ ਇੱਕ ਪੀਰੀਅਡ ਨੂੰ ਵੀ ਵਰਤ ਸਕਦੇ ਹਨ।

4.0 ਸਕੂਲਾਂ ਵਿੱਚ ਇਹ ਵਿਸ਼ਾ, ਟ੍ਰੇਨਿੰਗ ਪ੍ਰਾਪਤ ਕਰ ਚੁੱਕੇ ਅਧਿਆਪਕਾਂ ਵਲੋਂ ਪੜ੍ਹਾਇਆ ਜਾਵੇਗਾ। ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਆਪ ਦੇ ਜਿਲ੍ਹੇ ਦੇ ਸਮੂਹ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀ ਟ੍ਰੇਨਿੰਗ ਹੋ ਗਈ ਹੋਵੇ। ਜੇਕਰ ਕਿਸੇ ਸਕੂਲ ਵਿੱਚੋਂ ਟ੍ਰੇਨਿੰਗ ਲੈਣ ਵਾਲੇ ਅਧਿਆਪਕ ਦੀ ਬਦਲੀ ਹੋ ਗਈ ਹੈ ਜਾਂ ਕਿਸੇ ਸਕੂਲ ਦੇ ਕਿਸੇ ਵੀ ਅਧਿਆਪਕ ਦੀ ਟ੍ਰੇਨਿੰਗ ਨਹੀਂ ਹੋਈ ਹੈ, ਤਾਂ ਉਸ ਸਕੂਲ ਦੇ ਅਧਿਆਪਕ ਦੀ ਟ੍ਰੇਨਿੰਗ ਆਪਣੇ ਪੱਧਰ ਤੇ ਡੀ.ਐਨ.ਓ./ਡੀ.ਆਰ.ਸੀ./ਬੀ.ਆਰ.ਸੀ. ਦੀ ਮਦਦ ਨਾਲ ਕਰਵਾਉਣੀ ਯਕੀਨੀ ਬਣਾਈ ਜਾਵੇ।

5.0 ਇਸ ਪਾਠਕ੍ਰਮ ਅਤੇ ਇਸ ਪ੍ਰੋਗਰਾਮ ਨਾਲ ਸਬੰਧਤ ਹੋਰ ਸੂਚਨਾਵਾਂ ਸਬੰਧੀ 'ਨਸ਼ਾ ਮੁਕਤ ਪੰਜਾਬ' ਨਾਮ ਦੀ ਵੈਬਸਾਇਟ ਤਿਆਰ ਕੀਤੀ ਗਈ ਹੈ, (www.nashamuktpunjab.com) ਇਸ ਦੀ ਵਰਤੋਂ ਕੀਤੀ ਜਾਵੇ।

ਕਿਰਨ ਸ਼ਰਮਾ ਪੀ.ਸੀ.ਐਸ

ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

ਪਿੱਠ ਅੰਕਣ ਨੰ: 323

ਮਿਤੀ: 10.09.2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1.0 ਪੀ.ਏ. ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ:, ਪੰਜਾਬ।

2.0 ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲ ਮੁੱਖੀ, ਪੰਜਾਬ।

3.0 ਸਮੂਹ ਡੀ.ਐੱਨ.ਓ./ਡੀ.ਆਰ.ਸੀ., ਪੰਜਾਬ।

ਬਲਵਿੰਦਰ ਸਿੰਘ ਸੈਣੀ

ਸਹਾਇਕ ਡਾਇਰੈਕਟਰ

-ਕਮ-ਸਟੇਟ ਨੋਡਲ ਅਫਸਰ 'ਯੁੱਧ ਨਸ਼ਿਆਂ ਵਿਰੁੱਧ'।

Scanned with OKEN Scanner

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 1703 ਮਿਤੀ 10-09-25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।
10/09/25